# ਸਿਮਰਨ

## ਭਾਗ-16

ਜਦ ਲੜਕੀ ਦੀ ਕੁੜਮਾਈ ਹੋ ਜਾਂਦੀ ਹੈ ਤਾਂ ਉਸਦਾ ਧਿਆਨ, **ਸੁਰਤੀ** ਸਹਿਜੇ-ਸਹਿਜੇ ਪੇਕਿਆਂ ਵੱਲੋਂ ਢਿੱਲੀ ਪੈਂਦੀ ਜਾਂਦੀ ਹੈ ਤੇ **ਸਹੁਰੇ-ਘਰ ਵੱਲ ਖਿਚੀਂਦੀ ਜਾਂਦੀ ਹੈ।** ਉਹ ਆਪਣੇ **ਪ੍ਰੀਤਮ** ਦੀਆਂ **ਸੋਆਂ** ਲੈਂਦੀ ਰਹਿੰਦੀ ਹੈ ਤੇ ਸਹੁਰੇ-ਘਰ ਦੀਆਂ ਗੱਲਾਂ ਵਿੱਚ ਉਸਦੀ **ਦਿਲਚਸਪੀ** ਵੱਧਦੀ ਜਾਂਦੀ ਹੈ। ਇਸ ਤਰ੍ਹਾਂ ਅਣਜਾਣੇ ਹੀ ਉਸ ਦੀ **ਪ੍ਰੀਤ-ਡੋਰੀ** ਆਪਣੇ ਪ੍ਰੀਤਮ ਨਾਲ ਪੀਡੀ ਪੈਂਦੀ ਜਾਂਦੀ ਹੈ। ਉਸਦਾ ਮਨ, ਸੁਰਤੀ, **ਆਪਾ** ਆਪਣੇ ਪ੍ਰੀਤਮ ਦੀ **ਯਾਦ** ਅਥਵਾ **ਸਿਮਰਨ** ਵਿੱਚ ਸਹਿਜ-ਸੁਭਾਇ ਲੱਗਾ ਰਹਿੰਦਾ ਹੈ।

ਇਹ **ਸਿਮਰਨ-ਜੀਵਨ** ਦੀ **ਧਿਆਇ** ਅਵਸਥਾ ਹੈ। ਇਸ ਅਵਸਥਾ ਵਿੱਚ ਸਹਿਜ-ਸੁਭਾਇ ਅਣਜਾਣੇ ਹੀ ਉਸਦੇ ਹਥ ਕਾਰ ਵੱਲ ਤੇ ਚਿਤ ਯਾਰ ਵੱਲ ਲੱਗਾ ਰਹਿੰਦਾ ਹੈ। ਲੜਕੀ ਆਪਣੇ **ਪੇਕੇ ਘਰ** ਵਿੱਚ ਪਹਿਲਾਂ ਵਾਂਗ ਹੀ **ਪੇਕੇ ਘਰ** ਦੀਆਂ ਸਾਰੀਆਂ ਿ ਮੇਵਾਰੀਆਂ ਕਿਸੇ **ਵੈਰਾਗ** ਵਿੱਚ ਨਿਭਾਉਂਦੀ ਹੈ।

ਕਈ ਲੋਕ ੰਕਾ ਕਰਦੇ ਹਨ ਕਿ ਜੇ **ਸਿਮਰਨ** ਕਰਨ ਵਿੱਚ ਲਗ ਪਏ ਤਾਂ ਦੁਨਿਆਵੀ ਕੰਮ ਕੌਣ ਕਰੂ ?

ਕਿਸੇ ਮੰਗੀ ਹੋਈ ਕੁੜੀ ਦਾ **ਪੇਕੇ-ਘਰ** ਵਿੱਚ ਜੀਵਨ ਬਤੀਤ ਕਰਨਾ, ਇਨਾਂ ੰਕੇ-ਵਾਦੀਆਂ ਲਈ **ਢੁਕਵਾਂ-ਜਵਾਬ** ਹੈ ਜੋ ਇਕ ਅਮਲੀ-ਮਿਸਾਲ (practical example) ਹੈ।

ਜਗਿਆਸੂ ਜਦ ਪੰਜਾਂ ਪਿਆਰਿਆਂ ਤੋਂ **ਖੰਡੇ ਬਾਟੇ ਦਾ ਅੰਮ੍ਰਿਤ** ਛਕ ਲੈਂਦਾ ਹੈ ਤਾਂ ਉਹ **ਗੁਰੂ ਵਾਲਾ** ਬਣ ਜਾਂਦਾ ਹੈ ਤੇ ਉਸਦੀ **ਖਿੱਚ** ਅਥਵਾ ਪਿਆਰ ਗੁਰੂ-ਘਰ ਵੱਲ ਵਧਦਾ ਜਾਂਦਾ ਹੈ।

ਜਿਉਂ-ਜਿਉਂ ਗੁਰਸਿਖ ਸਾਧ-ਸੰਗਤ ਵਿੱਚ ਵਿਚਰਦਾ ਹੈ ਅਤੇ **ਸਿਮਰਨ** ਦੁਆਰਾ ਬਦ ਦੀ ਕਮਾਈ ਕਰਦਾ ਹੈ, ਤਿਉਂ-ਤਿਉਂ ਉਸਦੀ ਸੁਰਤੀ ਪ੍ਰੀਤ, ਪਿਆਰ, ਅਥਵਾ

**ਪ੍ਰੇਮ-ਸਵੈਪਨਾਵਾਂ** ਮਾਣਦੀ ਹੋਈ, **ਇਲਾਹੀ ਪ੍ਰੀਤ-ਡੋਰੀ ਨਾਲ ਖਿਚੀਂਦੀ ਜਾਂਦੀ ਹੈ।** ਇਹ ਪ੍ਰੀਤ-ਡੋਰੀ ਢਿੱਲੀ ਨਹੀਂ ਪੈਂਦੀ, ਟੁੱਟਦੀ ਨਹੀਂ ਚੁ

ਮੂ ਲਾਲਨ ਸਿਉ ਪ੍ਰੀਤਿ ਬਨੀ॥ ਰਹਾਉ॥
ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ॥ (ਪੰਨਾ-827)

**ਬਿਸਰਤ ਨਾਹਿ ਮਨ ਤੇ ਹਰੀ॥**
ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ॥ (ਪੰਨਾ-1120)

ਇਸ ਤਰ੍ਹਾਂ ਗੁਰਸਿਖ ਦੀ **ਸੁਰਤੀ** ਇਲਾਹੀ **ਪ੍ਰੀਤ-ਡੋਰੀ ਦੀ ਖਿੱਚ ਨਾਲ** ਆਤਮ-ਮੰਡਲ ਦੇ ਪ੍ਰੇਮ-ਸਵੈਪਨਾ ਦੇ ਅਕਾ ਵਿੱਚ **ਉਡਾਰੀਆਂ ਲਾਉਂਦੀ ਹੋਈ** ਆਤਮ-ਰੰਗ-ਰਸ ਵਿੱਚ **ਅਲਮਸਤ ਮਤਵਾਰੀ** ਹੋ ਜਾਂਦੀ ਹੈ। ਉਸਨੂੰ ਮਾਇਕੀ ਮੰਡਲ ਦਾ **ਮੋਹ** ਅਥਵਾ **ਪਕੜ** ਨਹੀਂ ਰਹਿੰਦੀ ਤੇ ਉਹ **ਸਹਿਜ-ਸੁਭਾਇ ਹੀ ਮਾਇਆ ਵਿੱਚ ਉਦਾਸੀ** ਹੋ ਕੇ ਵਿਚਰਦਾ ਹੈ।

ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ। (ਵਾ.ਭਾ.ਗੁ. 29/15)

ਗੋਬਿਦ ਪ੍ਰੀਤਿ ਲਗੀ ਅਤਿ ਮੀਠੀ
ਅਵਰ ਵਿਸਰਿ ਸਭ ਜਾਇ॥ (ਪੰਨਾ-1199)

ਗੁਰਮੁਖਿ ਹੋਇ ਸੁ ਅਲਿਪਤੋ ਵਰਤੈ
ਓਸ ਦਾ ਪਾਸੁ ਛਡਿ ਗੁਰ ਪਾਸ ਬਹਿ ਜਾਇਆ॥ (ਪੰਨਾ-303-04)

ਮਾਇਆ ਮੋਹਿ ਨਟਿ ਬਾਜੀ ਪਾਈ॥
ਮਨਮੁਖ ਅੰਧ ਰਹੇ ਲਪਟਾਈ॥
ਗੁਰਮੁਖਿ ਅਲਿਪਤ ਰਹੇ ਲਿਵ ਲਾਈ॥ (ਪੰਨਾ-230)

ਅਸਲ ਵਿੱਚ ਗੁਰਮੁਖ ਦੇ ਮਾਇਕੀ ਅਤੇ ਆਤਮਿਕ ਜੀਵਨ ਵਿੱਚ, ਉਸਦੀ **ਸੁਰਤ ਦੀ ਡੋਰੀ** ਨੂੰ ਸਤਿਗੁਰੂ ਆਪਣੇ ਹੱਥ ਵਿੱਚ **ਫੜੀ ਰੱਖਦਾ ਹੈ** ਤੇ ਆਪਣੀ **ਨਦਰ-ਕਰਮ ਦੁਆਰਾ ਉਸਦੇ ਚੁ**

ਅੰਗ ਸੰਗ ਹੁੰਦਾ ਹੈ
ਖੇਲ ਖਿਲਾਉਂਦਾ ਹੈ
ਲਾਡ ਲਡਾਉਂਦਾ ਹੈ
ਪ੍ਰਿਤ ਪਾਲਦਾ ਹੈ

ਸਾਰ ਸਮ੍ਹਾਲਦਾ ਹੈ
ਕਲ-ਕਲੇ ਤੋਂ ਬਚਾਉਂਦਾ ਹੈ
ਰਧਾ ਲਾਉਂਦਾ ਹੈ
ਪ੍ਰੇਮ ਪਦਾਰਥ ਬਖ ਦਾ ਹੈ
ਸਤਿਸੰਗ ਬਖ ਦਾ ਹੈ
ਰਖਿਆ ਕਰਦਾ ਹੈ
**ਨਾਮ ਜਪਾਉਂਦਾ ਹੈ**
**ਸਿਮਰਨ-ਜੀਵਨ ਬਖ ਦਾ ਹੈ**
ਸੇਵਾ ਵਿੱਚ ਲਾਉਂਦਾ ਹੈ।

ਗੁਰਬਾਣੀ ਵਿੱਚ ਇਸ ਅਨੋਖੀ ਨਿਰਾਲੀ ਆਤਮਿਕ **ਸਿਮਰਨ-ਜੀਵਨ ਦੀ ਖੇਲ** ਨੂੰ ਇਉਂ ਸਪ ਟ ਕੀਤਾ ਗਿਆ ਹੈ ਚੁ

ਸਾਚਿ ਨਾਮਿ ਮੇਰਾ ਮਨੁ ਲਾਗਾ॥
ਲੋਗਨ ਸਿਉ ਮੇਰਾ ਠਾਠਾ ਬਾਗਾ॥1॥
ਬਾਹਰਿ ਸੂਤੁ ਸਗਲ ਸਿਉ ਮਉਲਾ॥
**ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ**॥ 1॥ ਰਹਾਉ॥
ਮੁਖ ਕੀ ਬਾਤ ਸਗਲ ਸਿਉ ਕਰਤਾ॥
ਜੀਅ ਸੰਗਿ ਪ੍ਰਭੁ ਅਪੁਨਾ ਧਰਤਾ॥ 2॥
ਦੀਸਿ ਆਵਤ ਹੈ ਬਹੁਤੁ ਭੀਹਾਲਾ॥
ਸਗਲ ਚਰਨ ਕੀ ਇਹੁ ਮਨੁ ਰਾਲਾ॥
ਨਾਨਕ ਜਨਿ ਗੁਰੁ ਪੂਰਾ ਪਾਇਆ॥
ਅੰਤਰਿ ਬਾਹਰਿ ਏਕੁ ਦਿਖਾਇਆ॥ (ਪੰਨਾ-384-85)

ਇਸ ਤਰ੍ਹਾਂ ਜਦ ਜਗਿਆਸੂ ਦੀ ਸੁਰਤ **ਹਰਿ-ਨਾਮ** ਵਿੱਚ ਖੁਭੀ ਰਹੇ ਤਾਂ ਉਹ ਸੰਸਾਰ ਵਿੱਚ **ਮਹਿਮਾਨ ਵਾਂਗ, ਤਿਆਗੀ** ਜੀਵਨ ਬਤੀਤ ਕਰਦਾ ਹੈ ਚੁ

ਗੁਰ ਸਿਖ ਮਨਹੁ ਨ ਵਿਸਰੈ
**ਚਲਣੁ ਜਾਨਿ ਜੁਗਤਿ ਮਿਹਮਾਣਾ।** (ਵਾ.ਭਾ.ਗੁ.-32/1)

ਦੁਨੀਆ ਵਿਚਿ **ਪਰਾਹੁਣਾ** ਦਾਵਾ ਛਡਿ ਰਹੈ ਲਾ ਦਾਵੈ। (ਵਾ.ਭਾ.ਗੁ.-29/13)

**ਅਫੀਮ** ਦੇ ਅਮਲੀ ਦੇ ਮਨ-ਚਿੱਤ ਵਿੱਚ ਸਹਿਜ-ਸੁਭਾਇ **ਅਫੀਮ ਦਾ ਸਿਮਰਨ ਹੁੰਦਾ ਰਹਿੰਦਾ ਹੈ।** ਉਸ ਦੇ ਚਿਹਰੇ-ਮੋਹਰੇ, ਅੱਖਾਂ ਦੀ ਤੱਕਣੀ, ਕਹਿਣੀ-ਕਰਨੀ,

ਰਹਿਣੀ-ਬਹਿਣੀ ਚ ਸਭ ਵਿਚੋਂ ਅਫੀਮ ਦੀ **ਝਲਕ** ਪੈਂਦੀ ਹੈ ਤੇ ਉਹ **ਅਫੀਮ ਦਾ ਹੀ ਮੁਜੱਸਮ ਅਥਵਾ ਸਰੂਪ ਬਣ ਜਾਂਦਾ ਹੈ।**

ਇਸੇ ਤਰ੍ਹਾਂ ਬਖ਼ੇ ਹੋਏ ਗੁਰਮੁਖ-ਜਨ ਸਿਰਫ ਰਸਨਾ ਨਾਲ ਹੀ ਸਿਮਰਨ ਨਹੀਂ ਕਰਦੇ, **ਬਲਕਿ ਉਨ੍ਹਾਂ ਦਾ ਤਨ, ਮਨ, ਚਿੱਤ, ਅੰਤਿ ਕਰਨਚੁ ਇਥੋਂ ਤਕ ਕਿ ਸਮੁੱਚਾ ਆਪਾ ਅਟੁੱਟ ਸਿਮਰਨ ਕਰਦਾ ਹੋਇਆ ਸਬਦ-ਸੁਰਤ ਵਿੱਚ ਲੀਨ ਹੋ ਜਾਂਦਾ ਹੈ।**

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ (ਪੰਨਾ-941)

ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ॥<br>
ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ॥ (ਪੰਨਾ-556)

ਉਨ੍ਹਾਂ ਦੇ ਜੀਵਨ ਦੇ ਹਰ ਪੱਖ, ਜਿਵੇਂ ਉਨ੍ਹਾਂ ਦੀ ਚੁ

ਕਹਿਣੀ<br>
ਕਰਨੀ<br>
ਰਹਿਣੀ<br>
ਬਹਿਣੀ<br>
ਸੋਚਣੀ<br>
ਚਿਤਵਨੀ<br>
ਕਰਮ-ਧਰਮ<br>
ਕਿਰਤ-ਵਿਰਤ<br>
ਪਾਠ-ਪੂਜਾ<br>
ਪਰਮਾਰਥ<br>
ਸੇਵਾ<br>
ਉਪਕਾਰ<br>
ਪਿਆਰ

**ਚੁਆਦਿ ਉਤੇ ਨਾਮ ਦੀ ਰੰਗਤ ਚੜ੍ਹੀ ਹੁੰਦੀ ਹੈ।**

ਉਸ ਦੀ ਤੱਕਣੀ, ਹਰਕਤਾਂ, ਬੋਲਾਂ ਰਾਹੀਂ **ਪ੍ਰਿਮ-ਪਿਆਲੇ ਦੇ ਨੇ ਦੀ ਝਲਕ ਪੈਂਦੀ ਹੈ** ਤੇ ਉਸਦਾ ਜੀਵਨ **ਸਿਮਰਨ ਦਾ ਰੂਪ ਬਣ ਜਾਂਦਾ ਹੈ ਚੁ**

ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ॥ (ਪੰਨਾ-743)

ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ॥ (ਪੰਨਾ-1019)

ਗੁਣ ਗਾਵਾ ਨਿਤ ਨਿਤ ਸਦ ਹਰਿ ਕੇ
ਮਨੁ ਜੀਵੈ ਨਾਮੁ ਸੁਣਿ ਤੇਰਾ॥ (ਪੰਨਾ-562)

**ਨਾਮੁ ਨ ਬਿਸਰੈ ਤਬ ਜੀਵਨੁ ਪਾਈਐ**
ਬਿਨਤੀ ਨਾਨਕ ਇਹ ਸਾਰੈ॥ (ਪੰਨਾ-1214)

ਇਸ ਤਰ੍ਹਾਂ ਗੁਰਮੁਖ ਜਨ **ਗ੍ਰਿਹਸਤ ਵਿੱਚ ਉਦਾਸ ਰਹਿੰਦਿਆਂ ਹੋਇਆਂ ਆਪਣੇ ਪ੍ਰੀਤਮ ਦੇ ਪ੍ਰੀਤ-ਪ੍ਰੇਮ-ਪਿਆਰ ਦੇ ਚਲੂਲੇ ਰੰਗ-ਰਸ ਵਿੱਚ ਅਲਮਸਤ-ਮਤਵਾਰਾ ਹੋਇਆ ਰਹਿੰਦਾ ਹੈ।**

**ਸਬਦ-ਸੁਰਤ** ਦੀਆਂ **ਪ੍ਰੇਮ-ਸਵੈਪਨਾਵਾਂ** ਨੂੰ ਮਾਣਦਿਆਂ ਹੋਇਆਂ ਚੁ

ਪ੍ਰੀਤ-ਡੋਰੀ ਨਾਲ ਬੱਝਣਾ
ਪ੍ਰੀਤ-ਡੋਰੀ ਦੀ ਖਿੱਚ ਖਾਣੀ
ਪ੍ਰੇਮ-ਬਿਛੋਹ ਵਿੱਚ ਤੜਪਨਾ
ਹਰੀ ਕੀਰਤਨ ਵਿੱਚ ਬਾਣੀ ਦੇ ਤੀਖਣ ਤੀਰ ਸਹਾਰਨੇ
ਪ੍ਰੀਤਮ ਦੇ ਸੁਨੇਹੜੇ ਸੁਣਨੇ
ਪ੍ਰੀਤਮ ਦੇ ਗੁਣ ਗਾਉਣੇ
ਨਾਮ ਦਾ ਰੰਗ-ਰਸ ਮਾਨਣਾ
ਪ੍ਰੇਮ-ਤ੍ਰੰਗਾਂ ਦੇ ਤੁਣਕੇ ਸਹਿਣੇ
ਅਨਹਦ ਧੁਨੀ ਨਾਲ ਮੋਹੇ ਜਾਣਾ
ਬੈ-ਖਰੀਦ ਗੋਲੇ ਬਣਨਾ
ਸੇਵਾ ਵਿੱਚ ਗੁਆਚਣਾ

ਚੁ ਇਹ ਸਭ ਇਲਾਹੀ-ਮੰਡਲ ਦੇ ਹੀ ਚੁ

**ਤਰੰਗ ਹਨ**
**ਪ੍ਰੇਮ-ਹੰਡੋਲੇ ਹਨ**

**ਰੁਣ-ਝੁਣ ਹੈ**
**ਅਨਹਦ-ਧੁਨੀ ਹੈ**
**ਸਤਿ ਸੁਹਾਣੁ ਸਦਾ ਮਨਿ ਚਾਉ ਹੈ**
**ਖੇਲ ਨਿਰਾਲੀ ਹੈ।**

**ਸਬਦ-ਸੁਰਤ** ਦੀ **ਸਮੁਚੀ** ਅੰਤ੍ਰਮੁਖੀ, ਆਤਮਿਕ **ਪ੍ਰਿਮ-ਖੇਲ ਨੂੰ ਅਨੁਭਵ ਦੁਆਰਾ ਮਾਨਣਾ ਅਤੇ ਵਿਸਮਾਦ ਹੋਣਾ ਚੁ**

**ਸਿਮਰਨ**

**ਦਾ ਹੀ ਨਤੀਜਾ, ਪ੍ਰਗਟਾਵਾ ਅਤੇ ਪ੍ਰਤੀਕ ਹੈ!**

**ਇਹ ਊਚਮ-ਊਚੀ, ਸੂਚਮ-ਸੂਚੀ ਆਤਮਿਕ-ਖੇਲ੍ਹ ਨਿਰਾਲੀ, ਨਿਰਮਲ ਤੇ ਕਠਿਨ ਹੈ, ਪਰ ਗੁਰੂ ਦੀ ਕ੍ਰਿਪਾ ਤੇ ਸਾਧ-ਸੰਗਤ ਦੀ ਸਹਾਇਤਾ ਨਾਲ ਇਹ ਗਾਖੜੀ ਖੇਲ੍ਹ** ਵੀ ਸੌਖੀ ਹੋ ਜਾਂਦੀ ਹੈ ਚੁ

ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ॥ (ਪੰਨਾ-1161-62)

ਮਨ ਕਰਹਲਾ ਮੇਰੇ ਪਿਆਰਿਆ ਸਤਿਸੰਗਤਿ ਸਤਿਗੁਰੁ ਭਾਲਿ॥
**ਸਤਸੰਗਤਿ ਲਗਿ ਹਰਿ ਧਿਆਈਐ** ਹਰਿ ਹਰਿ ਚਲੈ ਤੇਰੈ ਨਾਲਿ॥ (ਪੰਨਾ-234)

ਇਹ ਆਤਮਿਕ **ਅਨੁਭਵੀ-ਅਵੱਸਥਾ** ਅਥਵਾ **ਪ੍ਰੇਮ-ਪਦਾਰਥ** ਸਿਰਫ ਪੂਰੇ ਸਤਿਗੁਰੂ ਦੀ ਨਦਰ-ਕਰਮ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ, ਇਸ **ਇਲਾਹੀ-ਦਾਤ** ਨੂੰ ਜੀਵ ਦੇ **ਹੱਠ ਜਾਂ ੋਰ ਨਾਲ ਨਹੀਂ ਪਾਇਆ ਜਾ ਸਕਦਾ** ਚੁ

**ਜੋਰੁ ਨ ਸੁਰਤੀ ਗਿਆਨਿ ਵੀਚਾਰਿ॥** (ਪੰਨਾ-7)

ਦਾਤੈ ਦਾਤਿ ਰਖੀ ਹਥਿ ਅਪਣੈ
**ਜਿਸੁ ਭਾਵੈ ਤਿਸੁ ਦੇਈ॥** (ਪੰਨਾ-604)

ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥ (ਪੰਨਾ-1378)

ਜਿਨ ਕਉ ਪ੍ਰੇਮ ਪਿਆਰੁ **ਤਉ ਆਪੇ ਲਾਇਆ ਕਰਮੁ ਕਰਿ॥** (ਪੰਨਾ-1422)

ਇਸ **ਇਲਾਹੀ-ਦਾਤ** ਨੂੰ ਪ੍ਰਾਪਤ ਕਰਨ ਲਈ ਗੁਰਬਾਣੀ ਵਿੱਚ ਹੇਠ ਲਿਖੀ ਸਾਧਨਾ ਦੱਸੀ ਗਈ ਹੈ ਚੁ

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ **ਹੁਕਮਿ ਮੰਨਿਐ ਪਾਈਐ॥** (ਪੰਨਾ-918)

ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ॥
**ਮਨੁ ਤਨੁ ਅਰਪਿ** ਤਜਿ ਲਾਜ ਲੋਕਾਨੀ॥ (ਪੰਨਾ-737)

ਗੁਰੁ ਸਾਲਾਹੀ ਆਪਣਾ ਨਿਵਿ ਨਿਵਿ ਲਾਗਾ ਪਾਇ॥
ਤਨੁ ਮਨੁ ਸਉਪੀ ਆਗੈ ਧਰੀ **ਵਿਚਹੁ ਆਪੁ ਗਵਾਇ॥** (ਪੰਨਾ-756)

**ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ॥** (ਪੰਨਾ-89)

**ਸਿਮਰਨ ਦੀ ਅੰਤ੍ਰਮੁਖੀ ਅਨੁਭਵੀ ਪ੍ਰਿਮ-ਖੇਲ ਨੂੰ ਸਾਡੀ ਅੰਤਕੀ ਬੁਧੀ ਪਕੜ ਨਹੀਂ ਸਕਦੀ ਚੁ**

ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥ (ਪੰਨਾ-219)

ਫਿਰ ਵੀ ਇਸ ਅਨੋਖੀ ਆਤਮਿਕ **ਪ੍ਰਿਮ-ਖੇਲ** ਨੂੰ ਇ ਾਰੇ-ਮਾਤਰ ਜਾਂ ਟੋਹ-ਮਾਤਰ ਸਾਡੀ ਅਲਪ-ਬੁਧੀ ਦੇ ਸਮਝ-ਗੋਚਰਾ ਕਰਨ ਲਈ ਗੁਰਬਾਣੀ ਵਿੱਚ ਇਉਂ ਦਰਸਾਇਆ ਗਿਆ ਹੈ ਚੁ

ਤਹ ਅਨਦ ਬਿਨੋਦ ਸਦਾ ਅਨਹਦ ਝੁਣਕਾਰੋ ਰਾਮ॥
ਮਿਲਿ ਗਾਵਹਿ ਸੰਤ ਜਨਾ ਪ੍ਰਭ ਕਾ ਜੈਕਾਰੋ ਰਾਮ॥ (ਪੰਨਾ-545)

ਅਨਹਦੋ ਅਨਹਦੁ ਵਾਜੈ ਰੁਣ ਝੁਣਕਾਰੇ ਰਾਮ॥
ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ॥ (ਪੰਨਾ-436)

ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਅਠੇ ਪਹਰ ਲਗੰਨਿ॥
ਜਨ ਨਾਨਕ ਕਿਰਪਾ ਧਾਰਿ ਪ੍ਰਭ ਸਤਿਗੁਰ ਸੁਖਿ ਵਸੰਨਿ॥ (ਪੰਨਾ-301)

ਗੋਬਿਦ ਪ੍ਰੀਤਿ ਲਗੀ ਅਤਿ ਪਿਆਰੀ॥
ਜਬ ਸਤਸੰਗ ਭਏ ਸਾਧੂ ਜਨ ਹਿਰਦੈ ਮਿਲਿਆ ਸਾਂਤਿ ਮੁਰਾਰੀ॥ (ਪੰਨਾ-607)

ਸਬਦ ਸੁਰਤਿ ਲਿਵ ਲੀਣ ਹੋਇ ਅਕਥ ਕਥਾ ਗੁਰ ਸਬਦੁ ਸੁਣੰਦੇ।
(ਵਾ.ਭਾ.ਗ.-6/14)

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ (ਪੰਨਾ-659)

ਨਾਮੇ ਪ੍ਰੀਤਿ ਨਾਰਾਇਣ ਲਾਗੀ॥
ਸਹਜ ਸੁਭਾਇ ਭਇਓ ਬੈਰਾਗੀ॥ (ਪੰਨਾ-1164)

ਸਾਚਿ ਨਾਮਿ ਮੇਰਾ ਮਨੁ ਲਾਗਾ॥
ਲੋਗਨ ਸਿਉ ਮੇਰਾ ਠਾਠਾ ਬਾਗਾ॥ (ਪੰਨਾ-384)

ਜਿਉਂ-ਜਿਉਂ ਜਗਿਆਸੂ ਦਾ ਇਲਾਹੀ ਪਿਆਰ **ਤੀਬਰ ਤੇ ਤੀਖਣ** ਹੁੰਦਾ ਜਾਂਦਾ ਹੈ, **ਉਸਦੀ ਬ੍ਰਿਹੋਂ ਦੀ ਤੜਪ ਵਧਦੀ ਜਾਂਦੀ ਹੈ,** ਤੇ ਉਹ ਪ੍ਰੀਤਮ ਦੇ **ਦਰ ਨਾ ਲਈ ਬਿਹਬਲ ਹੋਇਆ** ਅਰਦਾਸਾਂ ਤੇ ਜੋਦੜੀਆਂ ਕਰਦਾ ਰਹਿੰਦਾ ਹੈ ਚੁ

ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ
**ਹਉ ਤਿਸੁ ਪਹਿ ਆਪੁ ਵੇਚਾਈ**॥ 1॥
ਦਰਸਨੁ ਹਰਿ ਦੇਖਣ ਕੈ ਤਾਈ॥
ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥ (ਪੰਨਾ-757)

ਆਸ ਪਿਆਸੀ ਮੈ ਫਿਰਉ ਕਬ ਪੇਖਉ ਗੋਪਾਲ॥
ਹੈ ਕੋਈ ਸਾਜਨੁ ਸੰਤ ਜਨੁ ਨਾਨਕ ਪ੍ਰਭ ਮੇਲਣਹਾਰ॥ (ਪੰਨਾ-928)

ਹਰਿ ਪੇਖਨ ਕਉ ਸਿਮਰਤ ਮਨੁ ਮੇਰਾ॥
ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ॥ (ਪੰਨਾ-204)

ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ॥
ਮੈ ਲਖ ਵਿੜਤੇ ਸਾਹਿਬਾ ਜੇ ਬਿੰਦ ਬੋਲਾਈਆ॥ (ਪੰਨਾ-1098)

ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ॥
ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ॥ (ਪੰ.-369)

ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ॥
ਮੇਰਾ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ ਬਹੁਰਿ ਨ ਭਵਜਲਿ ਫੇਰਾ॥ (ਪੰਨਾ-711)

ਇਸ **ਪ੍ਰੇਮ-ਮਈ** ਅਲੌਕਿਕ **ਬੈਰਾਗ** ਦੀ ਅਵਸਥਾ ਨੂੰ ਕੋਈ ਵਿਰਲਾ ਗੁਰਮੁਖ ਹੀ ਜਾਣਦਾ ਜਾਂ ਬੁਝਦਾ ਹੈ ਚੁ

**ਪ੍ਰੇਮ ਕੀ ਸਾਰ ਸੋਈ ਜਾਣੈ ਜਿਸ** ਨੋ ਨਦਰਿ ਤੁਮਾਰੀ ਜੀਉ॥ (ਪੰਨਾ-1016)

ਐਸੇ ਤੀਬਰ **ਬੈਰਾਗ** ਦੀ ਹਾਲਤ ਵਿੱਚ ਜਦ ਸਤਿਗੁਰੂ ਦੀ ਨਦਰ-ਕਰਮ ਹੁੰਦੀ ਹੈ ਤਾਂ ਅਚਾਨਕ ਆਤਮ-ਪ੍ਰਕਾ ਦੁਆਰਾ ਪ੍ਰਭੂ ਰੂਪੀ ਕੰਤ ਨਾਲ ਮੇਲ ਹੁੰਦਾ ਹੈ। ਇਸ

ਸੁਹਾਵਣੀ ਘੜੀ  ਨੂੰ ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਇਉਂ ਬਿਆਨ ਕੀਤਾ ਗਿਆ ਹੈ ਚੁ

ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ
ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ।
ਸੁਰਤਿ ਮੈ ਨ ਸੁਰਤਿ ਔ ਧਯਾਨ ਮੈ ਨ ਧਯਾਨ ਰਹਯੋ
ਗਯਾਨ ਮੈ ਨ ਗਯਾਨ ਰਹਯੋ ਗਤਿ ਮੈ ਨ ਗਤਿ ਹੈ।  (ਕਬਿਤ ਭਾ. ਗੁਰਦਾਸ ਜੀ)

ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ॥
ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ॥ (ਪੰਨਾ-836)

ਮਾਈ ਰੀ ਪੇਖਿ ਰਹੀ ਬਿਸਮਾਦ॥
ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ॥ (ਪੰਨਾ-1226)

ਦੇਖਹੁ ਅਚਰਜੁ ਭਇਆ॥
ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ॥ (ਪੰਨਾ-612)

ਇਹ ਨਿਰੋਲ **ਚੌਥੇ ਪਦ ਦੇ  ਪ੍ਰਕਾ -ਮੰਡਲ**  ਦੀ ਅਸਚਰਜ ਬਿਸਮਾਦੀ  **ਪ੍ਰਿਮ-ਖੇਲ** ਹੈ, ਜੋ **ਸਤਿਗੁਰੂ ਦੀ ਨਦਰ-ਕਰਮ ਦੁਆਰਾ  ਅੰਤ੍ਰਮੁਖੀ-ਸਿਮਰਨੁ  ਅਥਵਾ  ਬਦ-ਸੁਰਤ ਦੀ ਕਮਾਈ ਨਾਲ ਪ੍ਰਦਾਨ ਹੁੰਦੀ ਹੈ।** ਇਥੇ ਤ੍ਰੈਗਣੀ ਮਾਇਆ ਦੇ ਹੱਦ-ਬੰਨੇ ਟੁੱਟ ਜਾਂਦੇ ਹਨ ਅਤੇ ਬੱਦਲਾਂ ਦੀ ਤਰ੍ਹਾਂ ਮਾਇਆ ਦੀ ਹਸਤੀ ਉੱਡ-ਪੁੱਡ ਜਾਂਦੀ ਹੈ।

ਇਸ ਉੱਚੀ-ਸੁੱਚੀ ਆਤਮ-ਮੰਡਲ ਦੀ  **ਪ੍ਰਿਮ-ਖੇਲ**  ਨੂੰ ਸਾਡੀ ਅਲਪ-ਬੁਧੀ ਨਾਲ ਸੰਪੂਰਨ ਤੌਰ ਤੇ ਸਮਝਿਆ, ਬੁਝਿਆ ਜਾਂ ਬਿਆਨਿਆ ਨਹੀਂ ਜਾ ਸਕਦਾ ਚੁ

ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥ (ਪੰਨਾ-1370)

ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ॥ (ਪੰਨਾ-657)

ਅਚਰਜੁ ਕਿਛੁ ਕਹਣੁ ਨ ਜਾਈ॥
ਬਸਤੁ ਅਗੋਚਰ ਭਾਈ॥ (ਪੰਨਾ-883)

ਬਿਸਮਨ ਬਿਸਮ ਭਏ ਜਉ ਪੇਖਿਓ
ਕਹਨੁ ਨ ਜਾਇ ਵਡਿਆਈ॥ (ਪੰਨਾ–821)

ਇਹ **ਬਦ–ਸੁਰਤਿ–ਲਿਵਲੀਨ** ਦੀ ਅਵਸਥਾ ਹੈ, ਜਿਸ ਨੂੰ ਚੌਥਾ–ਪਦ ਜਾਂ **ਸਹਿਜ–ਸਮਾਧਿ** ਵੀ ਕਿਹਾ ਜਾਂਦਾ ਹੈ। **ਇਸ ਆਤਮਿਕ ਪ੍ਰੇਮ–ਰਸ ਵਿਚੋਂ ਨਿਕਲਣਾ** ਜਗਿਆਸੂ ਲਈ ਮੌਤ ਦੇ ਬਰਾਬਰ ਹੁੰਦਾ ਹੈ ਚੁ

ਆਖਾ ਜੀਵਾ ਵਿਸਰੈ ਮਰਿ ਜਾਉ॥ (ਪੰਨਾ–9)

ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ
ਤਿਤੁ ਵੇਲੈ ਮਰਿ ਜਾਇ ਜੀਉ ਮੇਰਾ॥ (ਪੰਨਾ–562)

ਹਰਿ ਬਿਨੁ ਰਹਿ ਨ ਸਕਉ ਇਕ ਰਾਤੀ॥
ਜਿਉ ਬਿਨੁ ਅਮਲੈ ਅਮਲੀ ਮਰਿ ਜਾਈ ਹੈ
ਤਿਉ ਹਰਿ ਬਿਨੁ ਹਮ ਮਰਿ ਜਾਤੀ॥ (ਪੰਨਾ–668)

ਇਸ ਆਤਮਿਕ–ਅਵਸਥਾ ਨੂੰ **ਗੁਰਬਾਣੀ** ਵਿੱਚ ਇਉਂ ਬਿਆਨ ਕੀਤਾ ਗਿਆ ਹੈ ਚੁ

ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ॥
ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ॥ (ਪੰਨਾ–1232)

ਤੇਰਾ ਜਨੁ ਰਾਮ ਰਸਾਇਣਿ ਮਾਤਾ॥
ਪ੍ਰੇਮ ਰਸਾ ਨਿਧਿ ਜਾ ਕਉ ਉਪਜੀ ਛੋਡਿ ਨ ਕਤਹੂ ਜਾਤਾ॥ (ਪੰਨਾ–532)

ਅਨਦਿਨੁ ਸਹਜ ਸਮਾਧਿ ਹਰਿ ਲਾਗੀ
ਹਰਿ ਜਪਿਆ ਗਹਿਰ ਗੰਭੀਰਾ॥ (ਪੰਨਾ–574)

ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ॥ (ਪੰਨਾ–360)

ਇਸ ਹਾਲਤ ਵਿੱਚ ਗੁਰਮੁਖ–ਜਨ ਦਾ ਹਿਰਦਾ **ਉਛਲ–ਉਛਲ** ਕੇ ਆਪ–ਮੁਹਾਰੇ ਕਹਿ ਉਠਦਾ ਹੈ ਚੁ

**ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ॥**
**ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ॥** (ਪੰਨਾ–1137)

ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ॥ (ਪੰਨਾ–370)

ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ॥
ਹਉ ਆਕਲ ਬਿਕਲ ਭਈ ਗੁਰ ਦੇਖੇ
ਹਉ ਲੋਟ ਪੋਟ ਹੋਇ ਪਈਆ॥ (ਪੰਨਾ–836)

**ਆਤਮਿਕ ਮੰਡਲ** ਦੀ ਇਹ ਅਵਸਥਾ ਚੁ

**ਪ੍ਰਮਾਰਥ ਦੀ ਮੰ ਿਲ ਹੈ**
**ਬਦ–ਸੁਰਤ ਦੀ ਲੀਣਤਾ ਹੈ**
**ਆਤਮਿਕ ਘਾਲਣਾ ਦੀ ਸਫਲਤਾ ਹੈ**
ਪ੍ਰੇਮ ਸਵੈਪਨਾਵਾਂ ਦੀਆਂ **ਅਕਾ ੀ ਉਡਾਰੀਆਂ ਹਨ**
ਪ੍ਰਿਮ–ਰਸ ਦੀ ਮਸਤੀ ਹੈ
**ਪਿਆਰ ਦੀ ਮਿਠੜੀ–ਮਹਿਕ ਹੈ**
ਨਾਮ **ਨਿਧਾਨ ਹੈ**
ਨਾਮ ਦਾ **ਮਹਾ–ਰਸ ਹੈ**
ਨਾਮ ਦਾ **ਚਲੂਲਾ ਰੰਗ ਹੈ**
ਨਾਮ ਦੀ **ਪਾਰਸ–ਕਲਾ ਹੈ**
ਇਲਾਹੀ **ਪ੍ਰੀਤ–ਡੋਰੀ ਦੀ ਖਿੱਚ ਹੈ**
ਅਨਹਦ ਧੁਨੀ ਦੀ **ਰੁਣ–ਝੁਣ ਹੈ**
**ਪ੍ਰੇਮ–ਪਦਾਰਥ** ਹੈ
**ਪ੍ਰੇਮਾ–ਭਗਤੀ ਹੈ**
**ਭਗਤ–ਭੰਡਾਰ ਹੈ**
ਸਿਮਰਨ–ਜੀਵਨ ਦੀ **ਸੰਪੂਰਨਤਾ ਹੈ**
**ਨਦਰ–ਕਰਮ ਹੈ**
ਨਦਰੀ ਨਦਰ **ਨਿਹਾਲ ਹੈ**
**ਸਹਜ–ਸਮਾਧ ਹੈ**
ਅਕੱਥ–ਕਥਾ ਹੈ
ਪਰਮ–ਪਦੁ ਹੈ
ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ॥

ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ॥ (ਪੰਨਾ–1374)

ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥ (ਪੰਨਾ–657)

ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ
ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ॥
ਗੁਰ ਦੇਖੇ ਸਰਧਾ ਮਨ ਪੂਰੀ
ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ॥1॥
ਮਿਲੁ ਮਿਲੁ ਸਖੀ ਹਰਿ ਕਥਾ ਸੁਨਈਆ॥
ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ
ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ॥1॥ ਰਹਾਉ॥ (ਪੰਨਾ–836)

ਮਿਲਿ ਸਖੀਆ ਪੁਛਹਿ ਕਹੁ ਕੰਤ ਨੀਸਾਣੀ॥
ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ॥ (ਪੰਨਾ–459)

**ਹਾਂ ਜੀ** !

ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ !

ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ !!

ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ !!!

**ਖੋਜੀ**